بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜਲਸਾ ਸਾਲਾਨਾ ਬਰਤਾਨੀਆ 2025 ਈ: ਦੇ ਹਵਾਲੇ ਨਾਲ ਅੱਲਾਹ ਤਆਲਾ ਦੇ ਫ਼ਜ਼ਲਾਂ ਅਤੇ ਕੁੱਝ ਨਵੇਂ ਬੈਅਤ ਕਰਨ ਵਾਲਿਆਂ ਤੇ ਗ਼ੈਰ ਅਜ਼ ਜਮਾਅਤ ਮਹਿਮਾਨਾਂ ਦੇ ਤਾਸੁਰਾਤ ਦਾ ਤਜ਼ਕਿਰਾ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 01 ਅਗਸਤ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਪਿਛਲੇ ਐਤਵਾਰ ਨੂੰ ਅੱਲਾਹ ਤਆਲਾ ਦੇ **ਫ਼ਜ਼ਲ** ਨਾਲ **ਜਲਸਾ ਸਲਾਨਾ ਯੂ.ਕੇ** ਆਪਣੇ **ਇਖ਼ਤਿਤਾਮ** ਨੂੰ ਪਹੁੰਚਿਆ ਸੀ। ਇਹ ਤਿੰਨ ਦਿਨ ਬੜੀਆਂ **ਬਰਕਤਾਂ ਵਾਲੇ** ਅਤੇ ਅੱਲਾਹ ਤਆਲਾ ਦੇ ਫ਼ਜ਼ਲਾਂ ਨੂੰ ਦਿਖਾਉਣ ਵਾਲੇ ਦਿਨ ਸਨ। ਅੱਲਾਹ ਤਆਲਾ ਦਾ ਬੜਾ ਅਹਿਸਾਨ ਹੈ ਕਿ ਉਸਨੇ ਸਾਨੂੰ ਇਨ੍ਹਾਂ ਤਿੰਨਾਂ ਦਿਨਾਂ ਵਿੱਚ ਆਪਣੇ ਬੇਸ਼ੁਮਾਰ ਫਜ਼ਲਾਂ ਨਾਲ ਨਵਾਜ਼ਿਆ ਅਤੇ ਜਲਸੇ ਨੂੰ ਹਰ ਲਿਹਾਜ਼ ਨਾਲ **ਬਾਬਰਕਤ** ਫ਼ਰਮਾਇਆ ਅਤੇ ਜਲਸਾ ਬ-ਖ਼ੈਰੋ ਖ਼ੂਬੀ ਇਖ਼ਤਿਤਾਮ ਨੂੰ ਪਹੁੰਚਿਆ। ਅੱਲਾਹ ਤਆਲਾ ਦੇ ਫ਼ਜ਼ਲ ਨਾਲ ਮੌਸਮ ਵੀ ਚੰਗਾ ਰਿਹਾ ਅਤੇ ਸਾਰੇ ਪ੍ਰੋਗਰਾਮ ਬੜੇ ਚੰਗੇ ਤਰੀਕ਼ੇ ਨਾਲ ਹੋਏ। ਜਲਸੇ ਦੀ ਬੁਨਿਆਦੀ ਕਾਰਵਾਈ ਯਾਨੀ **ਤਕ਼ਰੀਰਾਂ** ਅਤੇ ਬਾਕ਼ੀ ਪ੍ਰੋਗਰਾਮਾਂ ਦੇ ਇਲਾਵਾ **ਤਬਲੀਗ਼ੀ** ਅਤੇ **ਮਾਲੂਮਾਤੀ** ਲਿਹਾਜ਼ ਨਾਲ ਵੱਖ ਵੱਖ ਸ਼ੋਅਬਿਆਂ ਨੇ ਜਿਹੜੀਆਂ **ਨੁਮਾਇਸ਼ਾਂ** ਲਾਈਆਂ ਹੋਈਆਂ ਸਨ, ਇਸ ਦਾ ਵੀ ਅੱਲਾਹ ਤਆਲਾ ਦੇ ਫ਼ਜ਼ਲ ਨਾਲ ਗ਼ੈਰਾਂ ‘ਤੇ ਬਹੁਤ ਚੰਗਾ ਅਸਰ ਪਿਆ ਅਤੇ ਅਹਮਦੀਂਯਾਂ ਨੂੰ ਵੀ, ਅਕਸਰ ਲੋਕਾਂ ਨੂੰ ਆਪਣੀ ਮਾਲੂਮਾਤ ਵਿੱਚ ਹੋਰ ਇਜ਼ਾਫ਼ੇ ਦੀ ਤੌਫ਼ੀਕ਼ ਮਿਲੀ।

ਇਸੇ ਤਰ੍ਹਾਂ ਐਮ.ਟੀ.ਏ ਨੇ ਵੀ ਜਲਸੇ ਦੀ ਕਾਰਵਾਈ ਦੇ ਦਰਮਿਆਨੀ ਵਕ਼ਫ਼ਿਆਂ ਵਿੱਚ ਵੱਖ ਵੱਖ **ਮਾਲੂਮਾਤੀ ਪ੍ਰੋਗਰਾਮ** ਦਿਖਾਏ ਅਤੇ ਮਾਲੂਮਾਤ ਦਿੱਤੀ, ਜਿਨ੍ਹਾਂ ਦਾ ਲੋਕਾਂ ‘ਤੇ ਬਹੁਤ ਚੰਗਾ ਅਸਰ ਪਿਆ। ਦੂਸਰੇ ਮੁਲਕਾਂ ਵਿੱਚ ਬੈਠੇ ਹੋਏ ਅਹਿਮਦੀਆਂ ਨੇ ਵੀ ਇਸ ਨੂੰ ਬੜਾ ਪਸੰਦ ਕੀਤਾ ਕਿ ਸਾਨੂੰ ਵੀ ਬਹੁਤ ਸਾਰੀਆਂ ਨਵੀਆਂ ਗੱਲਾਂ ਪਤਾ ਲੱਗੀਆਂ। ਅਤੇ ਇਸੇ ਤਰ੍ਹਾਂ **ਐਮ.ਟੀ.ਏ** ਨੇ ਇਸ ਵਾਰ ਦੁਨਿਆ ਦੇ ਤਕ਼ਰੀਬਨ 56 ਮੁਲਕਾਂ ਵਿੱਚ 119 ਮਰਕਜ਼ਾਂ ਦੇ ਨਾਲ ਜਲਸੇ ਨੂੰ ਜੋੜਿਆ। ਇਸ ਰਾਬਤੇ ਦੇ ਜ਼ਰੀਆ ਅੱਲਾਹ ਤਆਲਾ ਨੇ ਉਨ੍ਹਾਂ ਨੂੰ ਇੰਝ ਜਲਸਾ ਸੁਣਨ ਦੀ ਤੌਫ਼ੀਕ਼ ਅਤਾ ਫ਼ਰਮਾਈ ਕਿ ਉਹ ਖ਼ੁਦ ਨੂੰ ਉੱਥੇ ਹਾਜ਼ਿਰ ਮਹਿਸੂਸ ਕਰ ਰਹੇ ਸਨ। ਬਸ ਇਹ ਵੀ ਅੱਲਾਹ ਤਆਲਾ ਦੇ ਫ਼ਜ਼ਲਾਂ ਵਿੱਚੋਂ ਇੱਕ ਬਹੁਤ ਵੱਡਾ **ਫ਼ਜ਼ਲ** ਹੈ ਜਿਹੜਾ ਉਸ ਨੇ **ਜਮਾਅਤ ਅਹਮਦਿੱਯਾ** ‘ਤੇ ਕੀਤਾ ਹੈ ਕਿ ਇਨ੍ਹਾਂ ਨਵੀਆਂ ਇਜਾਦਾਂ ਦੇ ਜ਼ਰੀਆ ਤਮਾਮ ਦੁਨਿਆ ਦੇ ਅਹਿਮਦੀਆਂ ਨੂੰ ਇੱਕੱਠਾ ਕਰ ਦਿੱਤਾ ਹੈ। **ਉੱਮਤਿ ਵਾਹਿਦਾ** ਬਣਨ ਦਾ ਇਹ ਨਜ਼ਾਰਾ ਦੁਨੀਆਂ ਵਿੱਚ ਹੋਰ ਕਿਤੇ ਨਜ਼ਰ ਨਹੀਂ ਆਉਂਦਾ।

ਇਸ ਵਾਰ ਸਮੂਹਿਕ ਤੌਰ ‘ਤੇ ਪ੍ਰਬੰਧਾਂ ਵਿੱਚ ਪਿਛਲੇ ਸਾਲਾਂ ਦੀ ਨਿਸਬਤ ਅਕਸਰ ਲੋਕਾਂ ਨੇ ਇਹੀ ਕਿਹਾ ਹੈ ਕਿ ਬਹੁਤ **ਬਿਹਤਰ** ਸਨ ਅਤੇ ਅਕਸਰ ਨੇ ਇਸ ਦਾ ਇਜ਼ਹਾਰ ਕੀਤਾ ਹੈ। ਇੱਥੇ ਸ਼ਾਮਿਲ ਹੋਣ ਵਾਲਿਆਂ ਨੇ ਵੀ ਅਤੇ ਟੀ.ਵੀ ‘ਤੇ ਵੱਖ-ਵੱਖ ਮੁਲਕਾਂ ਵਿੱਚ ਪ੍ਰੋਗਰਾਮ ਦੇਖਣ ਵਾਲਿਆਂ ਨੇ ਵੀ ਇਹ ਕਿਹਾ ਹੈ। ਇੱਕ ਖ਼ਾਸ ਮਾਹੌਲ ਸੀ ਅਤੇ ਇਹ ਸਭ

ਅੱਲਾਹ ਤਆਲਾ ਦਾ ਇਹ **ਖ਼ਾਸ ਫ਼ਜ਼ਲ** ਹੈ ਜਿਹੜਾ ਹਰ ਇੱਕ ਨੂੰ **ਗ਼ੈਰ ਮਾਮੂਲੀ** ਤੌਰ 'ਤੇ ਮਹਿਸੂਸ ਹੋ ਰਿਹਾ ਸੀ ਕਿ ਜਲਸੇ 'ਤੇ ਅੱਲਾਹ ਤਆਲਾ ਦੀਆਂ **ਖ਼ਾਸ ਬਰਕਤਾਂ** ਨਾਜ਼ਿਲ ਹੋ ਰਹੀਆਂ ਹਨ।

ਅੱਲਾਹ ਤਆਲਾ ਫ਼ਰਮਾਉਂਦਾ ਹੈ ਕਿ ਤੁਸੀਂ ਉਸਦੇ **ਸ਼ੁਕਰ ਗੁਜ਼ਾਰ ਬੰਦੇ** ਬਣੋ ਅਤੇ ਜਦ ਤੁਸੀਂ ਸ਼ੁਕਰ ਗੁਜ਼ਾਰੀ ਕਰੋਗੇ ਤਾਂ ਮੈਂ ਤੁਹਾਨੂੰ ਆਪਣੇ ਫ਼ਜ਼ਲਾਂ ਨਾਲ ਹੋਰ ਜ਼ਿਆਦਾ ਨਵਾਜ਼ਾਂਗਾ ਤੇ ਜ਼ਿਆਦਾ ਫ਼ਜ਼ਲ ਤੁਹਾਡੇ 'ਤੇ ਬਰਸਾਵਾਂਗਾ। ਬਸ ਅੱਲਾਹ ਤਆਲਾ ਦੇ ਫ਼ਜ਼ਲਾਂ ਦਾ ਹੋਰ ਵਾਰਿਸ ਬਣਨ ਦੇ ਲਈ **ਸ਼ੁਕਰ ਗੁਜ਼ਾਰੀ** ਦੀ ਲੋੜ ਹੈ। ਅੱਲਾਹ ਤਆਲਾ ਨੇ ਆਪਣੇ ਬਾਰੇ ਇਹ ਫ਼ਰਮਾਇਆ ਹੈ ਕਿ ਯਕ਼ੀਨਨ ਅੱਲਾਹ ਬਹੁਤ ਕ਼ਦਰਦਾਨ ਅਤੇ ਜਾਨਣ ਵਾਲਾ ਹੈ। ਜਦ ਅੱਲਾਹ ਤਆਲਾ ਦੇ ਲਈ ਸ਼ੁਕਰ ਦਾ ਲਫ਼ਜ਼ ਇਸਤੇਮਾਲ ਹੁੰਦਾ ਹੈ ਤਾਂ ਉਹ ਕ਼ਦਰਦਾਨੀ ਦੇ ਮਾਨਿਆਂ ਵਿੱਚ ਇਸਤੇਮਾਲ ਹੁੰਦਾ ਹੈ। ਬਸ ਅੱਲਾਹ ਤਆਲਾ ਸ਼ੁਕਰ ਗੁਜ਼ਾਰਾਂ ਦੀ ਕ਼ਦਰ ਕਰਦਾ ਹੈ, ਅਤੇ ਇਸ ਕ਼ਦਰ ਦੇ ਨਤੀਜੇ ਵਿੱਚ ਫਿਰ ਅੱਲਾਹ ਤਆਲਾ ਉਨ੍ਹਾਂ ਨੂੰ ਹੋਰ ਨਵਾਜ਼ਦਾ ਚਲਾ ਜਾਂਦਾ ਹੈ। ਇਹ ਸਿਰਫ਼ ਗੱਲਾਂ ਨਹੀਂ ਹੋਣੀਆਂ ਚਾਹੀਦੀਆਂ ਬਲਕਿ **ਸ਼ੁਕਰ ਗੁਜ਼ਾਰੀ** ਦਾ ਇੱਕ **ਜਜ਼ਬਾ** ਹੋਣਾ ਚਾਹੀਦਾ ਹੈ ਤੇ ਜਜ਼ਬਾ ਅੱਲਾਹ ਤਆਲਾ ਨੇ ਆਪਣੇ ਫ਼ਜ਼ਲ ਨਾਲ **ਜਮਾਅਤ ਅਹਮਦਿੱਯਾ** ਵਿੱਚ ਬਹੁਤ ਪੈਦਾ ਕੀਤਾ ਹੋਇਆ ਹੈ। ਅੱਲਾਹ ਤਆਲਾ ਇਸ ਨੂੰ ਵਧਾਉਂਦਾ ਚਲਾ ਜਾਵੇ। ਇੱਥੇ ਇਹ ਵੀ ਸਭ ਸ਼ਾਮਿਲ ਹੋਣ ਵਾਲਿਆਂ ਨੂੰ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਜਿੱਥੇ ਉਹ ਅੱਲਾਹ ਤਆਲਾ ਦਾ ਸ਼ੁਕਰ ਅਦਾ ਕਰਨ ਉੱਥੇ ਕੰਮ ਕਰਨ ਵਾਲੇ **ਕਾਰਕੁਨਾਂ** ਦਾ ਵੀ ਸ਼ੁਕਰੀਆ ਅਦਾ ਕਰਨ। ਇਸ ਗੱਲ 'ਤੇ ਸ਼ੁਕਰ ਕਰਨ ਕਿ ਕਿਸ ਤਰ੍ਹਾਂ ਅੱਲਾਹ ਤਆਲਾ ਨੇ ਕੰਮ ਕਰਨ ਵਾਲਿਆਂ ਦੇ ਕੰਮਾਂ ਵਿੱਚ **ਆਸਾਨੀਆਂ** ਪੈਦਾ ਕੀਤੀਆਂ ਉਨ੍ਹਾਂ ਦੀਆਂ **ਮੁਸ਼ਕਿਲਾਂ** ਨੂੰ ਦੂਰ ਕੀਤਾ, ਉਨ੍ਹਾਂ ਦੇ ਹਰ ਕੰਮ ਵਿੱਚ **ਬਿਹਤਰੀ** ਪੈਦਾ ਕੀਤੀ ਹੈ ਤੇ ਉਨ੍ਹਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਦੀ **ਖ਼ਿਦਮਤ** ਕਰਨ ਦੀ ਤੌਫ਼ੀਕ਼ ਦਿੱਤੀ ਅਤੇ ਇਸ ਤਰ੍ਹਾਂ ਸ਼ਾਮਿਲ ਹੋਣ ਵਾਲਿਆਂ ਦੇ ਲਈ **ਸਹੂਲਤ** ਦੇ ਜ਼ਿਆਦਾ ਬਿਹਤਰ ਸਮਾਨ ਮੁਯੱਸਰ ਹੋਏ।

ਇਸ ਸਾਲ ਅੱਲਾਹ ਤਆਲਾ ਦੇ ਫ਼ਜ਼ਲ ਨਾਲ **50 ਹਜ਼ਾਰ** ਦੀ ਹਾਜ਼ਰੀ ਸੀ। ਬਸ ਇਨ੍ਹਾਂ 50 ਹਜ਼ਾਰ ਸ਼ਾਮਿਲ ਹੋਣ ਵਾਲੇ ਲੋਕਾਂ ਨੂੰ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਅੱਲਾਹ ਤਆਲਾ ਨੇ ਕੰਮ ਕਰਨ ਵਾਲਿਆਂ ਦੇ ਜ਼ਰੀਆ ਉਨ੍ਹਾਂ ਦੇ ਲਈ **ਆਸਾਨੀਆਂ** ਪੈਦਾ ਕੀਤੀਆਂ, ਉਨ੍ਹਾਂ ਨੂੰ ਟ੍ਰਾਂਸਪੋਰਟ, ਖਾਣ ਅਤੇ ਜਲਸੇ ਦੇ ਪ੍ਰੋਗਰਾਮ ਸੁਣਨ ਦੇ ਮਾਮਲੇ ਵਿੱਚ ਕੋਈ ਦਿੱਕ਼ਤ ਪੈਦਾ ਨਹੀਂ ਹੋਈ ਅਤੇ ਇਨ੍ਹਾਂ ਦੀਆਂ ਦੂਜੀਆਂ ਵੱਖ-ਵੱਖ ਲੋੜਾਂ ਪੂਰੀਆਂ ਹੁੰਦੀਆਂ ਰਹੀਆਂ। ਬਸ ਇਹ ਸਾਰੇ ਕੰਮ ਜਿਹੜੇ ਅੱਲਾਹ ਤਆਲਾ ਦੇ ਫ਼ਜ਼ਲ ਨਾਲ ਹੋਏ, ਇਸ ਵਿੱਚ ਸਾਡਾ ਕੋਈ ਕਮਾਲ ਨਹੀਂ ਬਲਕਿ ਅੱਲਾਹ ਤਆਲਾ ਦਾ ਫ਼ਜ਼ਲ ਹੈ। ਇਸ 'ਤੇ ਜਿੱਥੇ ਕੰਮ ਕਰਨ ਵਾਲਿਆਂ ਦੇ ਸ਼ੁਕਰ ਗੁਜ਼ਾਰ ਹੋਣ, ਉਹ ਇਹ ਵੀ ਸ਼ੁਕਰ ਗੁਜ਼ਾਰੀ ਕਰਨ ਕਿ ਅੱਲਾਹ ਤਆਲਾ ਨੇ ਸਾਨੂੰ ਤੌਫ਼ੀਕ਼ ਦਿੱਤੀ ਅਤੇ ਸਾਡੇ ਕੰਮਾਂ ਦੇ ਬਿਹਤਰ ਨਤੀਜੇ ਕੱਢੇ, ਉੱਥੇ ਸ਼ਾਮਿਲ ਹੋਣ ਵਾਲਿਆਂ ਨੂੰ ਵੀ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਹੈ ਕਿ ਅੱਲਾਹ ਤਆਲਾ ਨੇ ਉਨ੍ਹਾਂ ਦੇ ਲਈ ਕਿਸ ਤਰ੍ਹਾਂ ਸਮਾਨ ਮੁਹੱਈਆ ਕੀਤੇ ਕਿ ਬੇਸ਼ੁਮਾਰ ਲੋਕਾਂ ਨੇ ਜਿਹੜੇ **ਵੱਖ-ਵੱਖ ਤਬਕ਼ਿਆਂ** ਅਤੇ **ਵੱਖ-ਵੱਖ ਤਾਲੀਮੀ ਮਿਆਰਾਂ** ਨਾਲ ਤਅੱਲੁਕ਼ ਰੱਖਦੇ ਸਨ, ਸਭ ਨੇ ਰਾਤ ਦਿਨ ਇੱਕ ਕਰਕੇ ਅੱਲਾਹ ਤਆਲਾ ਦੀ **ਰਜ਼ਾ** ਦੀ ਖ਼ਾਤਿਰ **ਰਜ਼ਾਕਾਰਾਨਾ** ਤੌਰ 'ਤੇ ਆਪਣੀਆਂ ਡਿਊਟੀਆਂ ਦਿੱਤੀਆਂ। ਇਸੇ ਤਰ੍ਹਾਂ **ਕਨੇਡਾ** ਅਤੇ **ਆਸਟ੍ਰੇਲੀਆ** ਤੋਂ ਵੀ ਖ਼ੁੱਦਾਮ ਵੱਡੀ ਤਾਅਦਾਦ ਵਿੱਚ ਆਏ ਹੋਏ ਸਨ, ਉਨ੍ਹਾਂ ਨੇ ਜਲਸੇ ਤੋਂ ਪਹਿਲਾਂ ਵੀ ਜਲਸੇ ਦੇ ਕੰਮ ਵਿੱਚ ਮਦਦ ਕੀਤੀ, ਜਲਸੇ ਦੇ ਦੌਰਾਨ ਵੀ ਅਤੇ ਬਾਅਦ ਵਿੱਚ ਵੀ ਵਾਇੰਡ ਅਪ ਵਿੱਚ ਮਦਦ ਕਰ ਰਹੇ ਹਨ। ਤਾਂ ਅੱਲਾਹ ਤਆਲਾ ਇਨ੍ਹਾਂ ਸਾਰਿਆਂ ਨੂੰ **ਜਜ਼ਾ** ਦੇਵੇ।

ਇੱਕ **ਹਦੀਸ ਕ਼ੁਦਸੀ** ਦੀ ਰੋਸ਼ਨੀ ਵਿੱਚ ਹਜ਼ੂਰ ਅਨਵਰ ਨੇ ਤਵੱਜੋ ਦਵਾਈ ਕਿ ਅੱਲਾਹ ਤਆਲਾ ਤਾਂ ਆਪਣੇ ਬੰਦਿਆਂ ਦੇ ਉਨ੍ਹਾਂ ਕੰਮਾਂ ਦੀ ਇੰਨੀ ਕ਼ਦਰ ਕਰਦਾ ਹੈ ਜਿਹੜਾ ਉਸ ਦੀ ਖ਼ਾਤਿਰ ਕੀਤੇ ਜਾ ਰਹੇ ਹੋਣ ਕਿ ਫ਼ਰਮਾਉਂਦਾ ਹੈ ਕਿ ਉਨ੍ਹਾਂ ਦਾ ਸ਼ੁਕਰੀਆ ਅਦਾ ਕਰੋ ਅਤੇ ਅਸੀਂ ਵੀ ਇਹੀ ਚਾਹੁੰਦੇ ਹਾਂ ਕਿ ਅੱਲਾਹ ਤਆਲਾ ਦੇ ਬੰਦਿਆਂ ਦੇ ਸ਼ੁਕਰ ਗੁਜ਼ਾਰ ਬਣੀਏ ਤਾਂ ਜੋ ਫਿਰ ਇੱਕ ਅਜਿਹਾ ਮਾਹੌਲ ਪੈਦਾ ਹੋਵੇ ਜਿਹੜਾ **ਮੁਕੰਮਲ ਤੌਰ 'ਤੇ** ਸ਼ੁਕਰ ਗੁਜ਼ਾਰੀ ਦਾ ਮਾਹੌਲ ਹੋਵੇ, ਜਿਸ ਵਿੱਚ ਹਰ ਪਾਸੇ ਸ਼ੁਕਰ ਗੁਜ਼ਾਰੀ ਹੋ ਰਹੀ ਹੋਵੇ, ਅਤੇ ਇਹੀ ਚੀਜ਼ ਸਾਨੂੰ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇੱਥੇ ਆਏ ਹੋਏ ਮਹਿਮਾਨਾਂ ਦੇ ਜਿਹੜੇ **ਤਾਸੁਰਾਤ** ਮੈਨੂੰ ਮਿਲੇ ਹਨ, ਕਈ ਤਾਸੁਰਾਤ ਅਜਿਹੇ ਹਨ ਕਿ ਅਸੀਂ ਵੱਖ-ਵੱਖ ਕੰਮ ਕਰਨ ਵਾਲਿਆਂ ਕੋਲੋਂ ਪੁੱਛਿਆ ਕਿ ਤੁਸੀਂ ਕੀ ਕੰਮ ਕਰਦੇ ਹੋ, ਸਾਡਾ **ਖ਼ਿਆਲ** ਸੀ

ਕਿ ਸ਼ਾਇਦ ਉਹ ਕੋਈ **ਮਜ਼ਦੂਰੀ** ਵਗ਼ੈਰਾ ਕਰਦੇ ਹੋਣਗੇ, ਜਿਸ ਤਰ੍ਹਾਂ ਉਹ ਕੰਮ ਕਰ ਰਹੇ ਹਨ, ਕਿਸੇ ਨੇ ਦੱਸਿਆ ਕਿ ਮੈਂ ਇੱਕ ਫ਼ਰਮ ਵਿੱਚ **ਅਫ਼ਸਰ** ਹਾਂ, ਕਿਸੇ ਨੇ ਦੱਸਿਆ ਕਿ ਮੈਂ **ਪੜ੍ਹਾਉਂਦਾ** ਹਾਂ, ਕਿਸੇ ਨੇ ਕਿਹਾ ਕਿ ਮੈਂ **ਪੀ.ਐਚ.ਡੀ ਦਾ ਵਿਦਿਆਰਥੀ** ਹਾਂ, ਕਿਸੇ ਨੇ **ਪੀ.ਐਚ.ਡੀ ਦੀ ਡਿਗਰੀ** ਹਾਸਿਲ ਕੀਤੀ ਹੋਈ ਹੈ। ਤਾਂ ਇਸ ਤਰ੍ਹਾਂ ਦਾ **ਜਜ਼ਬਾ** ਰੱਖਣ ਵਾਲੇ ਮੌਜੂਦ ਹਨ ਜਿਹੜੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੇ ਮਹਿਮਾਨਾਂ ਦੀ **ਖ਼ਿਦਮਤ** ਦੇ ਲਈ ਅਤੇ ਅੱਲਾਹ ਤਆਲਾ ਦੀ **ਰਜ਼ਾ** ਹਾਸਿਲ ਕਰਨ ਦੇ ਲਈ ਆਪਣੇ ਆਪ ਨੂੰ ਪੇਸ਼ ਕਰਦੇ ਹਨ। ਇੱਥੇ ਗ਼ੈਰ ਵੀ ਆਉਂਦੇ ਹਨ, ਵੱਖ-ਵੱਖ ਮੁਲਕਾਂ 'ਚੋਂ ਅਜਿਹੇ ਲੋਕ ਆਉਂਦੇ ਹਨ ਕਿ ਜਿਨ੍ਹਾਂ ਦੀ ਜਮਾਅਤ ਨਾਲ ਸ਼ੁਰੂਆਤੀ ਜਾਣ ਪਛਾਣ ਹੁੰਦੀ ਹੈ ਅਤੇ ਉਹ ਇਹ ਦੇਖਣ ਆ ਰਹੇ ਹੁੰਦੇ ਹਨ ਕਿ ਕੀ **ਵਾਕ਼ਈ** ਇਹ ਲੋਕ ਉਹੀ ਹਨ ਜੋ ਇਹ ਕਹਿੰਦੇ ਹਨ। ਅਤੇ ਜਦ ਉਹ ਇਨ੍ਹਾਂ **ਕਾਰਕੁਨਾਂ** ਨੂੰ ਜਿਹੜੇ ਵੱਖ-ਵੱਖ ਪੇਸ਼ਿਆਂ ਨਾਲ ਤਅੱਲੁਕ਼ ਰੱਖਦੇ ਹਨ, ਇਸ ਤਰ੍ਹਾਂ ਕੰਮ ਕਰਦੇ ਹੋਏ ਦੇਖਦੇ ਹਨ ਅਤੇ ਹਰ ਇੱਕ ਆਮ ਮਜ਼ਦੂਰਾਂ ਵਾਲਾ ਕੰਮ ਕਰ ਰਿਹਾ ਹੁੰਦਾ ਹੈ ਤਾਂ ਇਨ੍ਹਾਂ ਨੂੰ ਦੇਖ ਕੇ ਉਨ੍ਹਾਂ 'ਤੇ ਬੜਾ ਅਸਰ ਹੁੰਦਾ ਹੈ, ਇੱਕ **ਖ਼ਾਮੋਸ਼ ਤਬਲੀਗ਼** ਹੈ ਜਿਸਦਾ ਉਹ ਇਜ਼ਹਾਰ ਵੀ ਕਰ ਦਿੰਦੇ ਹਨ। ਇਸ ਤਰ੍ਹਾਂ ਜਿਹੜੇ ਨਵੇਂ ਆਉਣ ਵਾਲੇ ਯਾਨੀ ਜਮਾਅਤ ਵਿੱਚ ਸ਼ਾਮਿਲ ਹੋਣ ਵਾਲੇ ਹਨ ਜਾਂ ਉਹ ਜਿਹੜੇ ਪਹਿਲੀ ਵਾਰ ਇੱਥੇ ਆਉਂਦੇ ਹਨ ਤਾਂ ਉਨ੍ਹਾਂ ਦੀ ਵੀ **ਹੌਸਲਾ ਅਫ਼ਜ਼ਾਈ** ਹੁੰਦੀ ਹੈ। ਉਹ ਦੇਖਦੇ ਹਨ ਕਿ ਕਿਸ ਤਰ੍ਹਾਂ **ਇੱਜ਼ਤ** ਅਤੇ **ਅਹਿਤਰਾਮ** ਨਾਲ ਉਨ੍ਹਾਂ ਦੀ **ਮਹਿਮਾਨ ਨਵਾਜ਼ੀ** ਕੀਤੀ ਜਾ ਰਹੀ ਹੈ, ਕਿਸ ਤਰ੍ਹਾਂ ਇਨ੍ਹਾਂ ਲੋਕਾਂ ਨਾਲ ਇੱਥੋਂ ਦੇ ਲੋਕ ਪੇਸ਼ ਆ ਰਹੇ ਹਨ। ਬਸ ਇਹ ਬਹੁਤ ਅਹਿਮ ਚੀਜ਼ ਹੈ ਅਤੇ ਇਸ 'ਤੇ ਸਾਨੂੰ ਸਭ ਨੂੰ ਅੱਲਾਹ ਤਆਲਾ ਦਾ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਹੈ।

ਹਜ਼ੂਰ ਅਨਵਰ ਨੇ ਇਸ ਸੰਦਰਭ ਵਿੱਚ ਵੱਖ-ਵੱਖ ਮੁਲਕਾਂ ਨਾਲ ਤਅੱਲੁਕ਼ ਰੱਖਣ ਵਾਲੇ **ਗ਼ੈਰ ਅਜ਼ ਜਮਾਅਤ** ਮਹਿਮਾਨਾਂ ਅਤੇ ਕੁੱਝ ਨਵੇਂ ਬੈਅਤ ਕਰਨ ਵਾਲਿਆਂ ਦੀ ਜਲਸਾ ਸਲਾਨਾ ਵਿੱਚ ਸ਼ਿਰਕਤ ਦਾ ਜ਼ਿਕਰ ਕੀਤਾ ਅਤੇ ਖ਼ੁਦਾ ਤਆਲਾ ਦੇ ਫ਼ਜ਼ਲ ਨਾਲ ਜਲਸੇ ਦੀਆਂ ਬਰਕਤਾਂ ਦੇ ਨਤੀਜੇ ਵਿੱਚ ਉਨ੍ਹਾਂ 'ਤੇ ਹੋਣ ਵਾਲੇ ਨੇਕ ਅਸਰਾਂ ਦਾ **ਤਜ਼ਕਿਰਾ** ਕਰਦੇ ਹੋਏ ਬਹੁਤ ਸਾਰੇ **ਇਮਾਨ ਅਫ਼ਰੋਜ਼ ਵਾਕ਼ਿਆਤ** ਬਿਆਨ ਫ਼ਰਮਾਏ।

ਰੋਡਰਿਕ ਆਇਰਲੈਂਡ ਦੀ ਪੁਲਿਸ ਫ਼ੋਰਸ ਦੇ ਅਸਿਸਟੈਂਟ ਕਮਿਸ਼ਨਰ ਕਹਿੰਦੇ ਹਨ ਕਿ ਜਲਸੇ ਦੇ ਦਿਨਾਂ ਵਿੱਚ ਮੈਂ ਜੋ ਦੇਖਿਆ ਹੈ ਉਹ ਇੱਕ ਵਾਕ਼ਈ ਮਿਸਾਲੀ ਚੀਜ਼ ਸੀ, ਪ੍ਰਬੰਧ ਅਤੇ ਨਿਯਮਾਂ ਦਾ ਇੱਕ **ਅਨਮੋਲ ਸਬਕ਼** ਸੀ। 10 ਹਜ਼ਾਰ ਰਜ਼ਾਕਾਰਾਂ ਦੀ ਮੌਜੂਦਗੀ ਇੱਕ ਅਜੀਬ ਚਮਤਕਾਰ ਸੀ। ਹਰ ਕਿਸੇ ਨੇ ਬੇਮਿਸਾਲ ਲਗਨ ਦੇ ਨਾਲ **ਮੋਢੇ ਨਾਲ ਮੋਢਾ** ਜੋੜ ਕੇ ਖ਼ਿਦਮਤ ਕੀਤੀ।

ਬੈਲਜੀਅਮ ਦੇ ਇੱਕ ਮਹਿਮਾਨ ਜਿਹੜੇ ਇਨਸਾਨੀ ਹੱਕਾਂ ਦੀ ਤਨਜ਼ੀਮ ਐਚ.ਆਰ.ਡਬਲ ਯੂ.ਐਫ ਦੇ ਨੁਮਾਇੰਦੇ ਹਨ, ਕਹਿੰਦੇ ਹਨ ਕਿ ਇੰਨੇ ਵੱਡੇ ਪੈਮਾਨੇ 'ਤੇ ਇੱਕ ਇੱਕੱਠ ਦਾ ਪ੍ਰਬੰਧ ਜਿਸ ਵਿੱਚ ਹਜ਼ਾਰਾਂ ਲੋਕ ਕਈ ਦਿਨਾਂ ਤੱਕ ਸ਼ਰੀਕ ਰਹੇ, ਯਕ਼ੀਨਨ ਇੱਕ **ਗ਼ੈਰ ਮਾਮੂਲੀ ਕਾਮਯਾਬੀ** ਹੈ। ਮੈਨੂੰ ਸਿਰਫ਼ ਇੰਤਿਜ਼ਾਮ ਦੀ ਮੁਹਾਰਤ ਨਹੀਂ ਬਲਕਿ ਇਸ ਦੇ ਪਿੱਛੇ ਮੌਜੂਦ **ਅਖ਼ਲਾਕ਼ੀ ਬੁਨਿਆਦ** ਵੀ ਮੁਤਾਸਿਰ ਕੁੰਨ ਲੱਗੀ।

ਬਲਗ਼ਾਰੀਆ ਤੋਂ ਇੱਕ ਨਵੀਂ ਬੈਅਤ ਕਰਨ ਵਾਲੀ ਖ਼ਾਤੂਨ ਕਹਿੰਦੀ ਹਨ ਕਿ ਇਨ੍ਹਾਂ ਬਾਬਰਕਤ ਦਿਨਾਂ ਦੇ ਦੌਰਾਨ ਮੈਂ ਇੱਕ **ਬੇਮਿਸਾਲ ਰੂਹਾਨੀ ਫ਼ਜ਼ਾ** ਨੂੰ ਮਹਿਸੂਸ ਕੀਤਾ ਅਤੇ ਇਸਦਾ ਹਿੱਸਾ ਬਣਨ ਦੀ ਤੌਫ਼ੀਕ਼ ਪਾਈ। ਮੇਰਾ ਤਜੁਰਬਾ ਬਹੁਤ ਸ਼ਾਨਦਾਰ ਰਿਹਾ ਤੇ ਬਹੁਤ ਮੁਤਾਸਿਰ ਕੁੰਨ ਸੀ ਕਿ ਕਿਸ ਤਰ੍ਹਾਂ **ਬਾਰੀਕ ਬੀਨੀ** ਨਾਲ ਮਹਿਮਾਨਾਂ ਦੀ ਸਹੂਲਤ ਅਤੇ ਆਰਾਮ ਦਾ ਖ਼ਿਆਲ ਰੱਖਿਆ ਗਿਆ।

ਜਾਰਜੀਆ ਤੋਂ ਇੱਕ ਮਹਿਮਾਨ ਕਹਿੰਦੇ ਹਨ ਕਿ ਜਲਸੇ ਦਾ ਪੁਰ ਅਮਨ ਮਾਹੌਲ ਤਕ਼ਰੀਰਾਂ ਅਤੇ ਖ਼ਲੀਫ਼ਾ ਦੇ ਖ਼ਿਤਾਬਾਤ ਰੂਹਾਨੀਅਤ ਵਿੱਚ ਅੱਗੇ ਵਧਾਉਣ ਵਿੱਚ ਬਹੁਤ ਵੱਡਾ ਕਿਰਦਾਰ ਅਦਾ ਕਰਦੇ ਹਨ।

ਇੱਕ ਅਰਬ ਖ਼ਾਤੂਨ ਸਵੀਡਨ ਤੋਂ ਆਈ ਹਨ, ਕਹਿੰਦੀ ਹਨ ਕਿ ਜਲਸਾ ਸਲਾਨਾ ਇੱਕ ਵੱਡੇ **ਘਰ** ਦੀ ਤਰ੍ਹਾਂ ਹੈ ਜਿਹੜਾ ਕਿ ਪੂਰੀ **ਫ਼ੈਮਲੀ** ਨੂੰ ਆਪਣੇ ਅੰਦਰ ਸਮੋ ਲੈਂਦਾ ਹੈ।

ਵੱਖ ਵੱਖ **ਇਮਾਨ ਅਫ਼ਰੋਜ਼ ਤਾਸੁਰਾਤ** ਬਿਆਨ ਕਰਨ ਦੇ ਬਾਅਦ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਲਾਹ ਤਆਲਾ ਸਭ ਮਹਿਮਾਨਾ ਦੇ, ਜਿਹੜੇ ਸ਼ਾਮਿਲ ਹੋਏ ਹਨ, ਹੋਰ **ਸੀਨੇ ਖੋਲ੍ਹੇ** ਅਤੇ ਅਹਮਦਿੱਯਤ ਅਤੇ ਹਕ਼ੀਕ਼ੀ

ਇਸਲਾਮ ਨੂੰ ਸਮਝਣ ਵਾਲੇ ਅਤੇ ਜ਼ਮਾਨੇ ਦੇ ਇਮਾਮ ਨੂੰ ਮੰਨਣ ਵਾਲੇ ਵੀ ਬਣਨ। ਨਵੇਂ ਬੈਅਤ ਕਰਨ ਵਾਲਿਆਂ ਨੂੰ ਵੀ **ਇਮਾਨ** ਅਤੇ **ਇਖ਼ਲਾਸ** ਵਿੱਚ ਵਧਾਉਂਦਾ ਰਹੇ। ਇਸੇ ਤਰ੍ਹਾਂ ਹਰ ਅਹਿਮਦੀ ਨੂੰ ਵੀ ਤੌਫ਼ੀਕ਼ ਦੇਵੇ ਕਿ ਜਲਸੇ 'ਤੇ ਜੋ ਉਨ੍ਹਾਂ ਨੇ ਪ੍ਰੋਗਰਾਮ ਦੇਖੇ ਸੁਣੇ, ਇਸ 'ਤੇ ਅਮਲ ਕਰਨ ਵਾਲੇ ਹੋਣ, ਉਸ ਨੂੰ ਆਪਣੀ ਜ਼ਿੰਦਗੀਆਂ ਦਾ ਹਿੱਸਾ ਬਣਾਉਣ ਵਾਲੇ ਹੋਣ, ਦੀਨ ਨੂੰ ਦੁਨਿਆ 'ਤੇ ਮੁਕ਼ੱਦਮ ਕਰਨ ਵਾਲੇ ਹੋਣ ਅਤੇ ਇਹ **ਜਜ਼ਬਾ** ਹਮੇਸ਼ਾ ਕ਼ਾਇਮ ਰਹੇ। ਜਲਸੇ ਦੀਆਂ ਬਰਕਤਾਂ ਤੋਂ ਹਰ ਅਹਿਮਦੀ ਹਮੇਸ਼ਾ ਹਿੱਸਾ ਲੈਂਦਾ ਰਹੇ ਅਤੇ ਆਪਣੇ **ਨਫ਼ਸ** ਅਤੇ ਆਪਣੇ ਮਾਹੌਲ ਦੇ ਸੁਧਾਰ ਲਈ ਵੀ ਭਰਪੂਰ ਕੋਸ਼ਿਸ਼ ਕਰਨ ਵਾਲੇ ਹੋਣ।

ਹਜ਼ੂਰ ਅਨਵਰ ਨੇ ਪ੍ਰੈੱਸ ਵਗ਼ੈਰਾ ਦੀ ਰਿਪੋਰਟ ਵੀ ਬਿਆਨ ਫ਼ਰਮਾਈ। ਜਮਾਅਤੀ ਪ੍ਰੈਸ ਐਂਡ ਮੀਡੀਆ ਸੈਕਸ਼ਨ ਅਤੇ ਉਸ ਦੇ ਤਹਿਤ 49 ਦੇ ਕ਼ਰੀਬ ਵੈੱਬਸਾਈਟ, ਪ੍ਰਿੰਟ ਮੀਡੀਆ, ਅਖ਼ਬਾਰਾਂ ਵਿੱਚ 17 ਆਰਟੀਕਲਸ, ਰੇਡੀਓ 'ਤੇ 25 ਪ੍ਰੋਗਰਾਮ ਅਤੇ ਟੀ.ਵੀ ਅਤੇ ਸੋਸ਼ਲ ਮੀਡੀਆ ਦੇ ਜ਼ਰੀਆ ਨਾਲ ਅੱਲਾਹ ਤਆਲਾ ਦੇ ਫ਼ਜ਼ਲ ਨਾਲ ਸਭ ਨੂੰ ਮਿਲਾਇਆ ਜਾਵੇ ਤਾਂ **100 ਮਿਲੀਅਨ** ਲੋਕਾਂ ਤੱਕ ਇਹ ਖ਼ਬਰ ਪਹੁੰਚੀ।

**ਐਮ.ਟੀ.ਏ ਅਫ਼ਰੀਕ਼ਾ** ਦੇ ਵੱਖ-ਵੱਖ ਚੈਨਲਾਂ 'ਤੇ ਜਲਸਾ ਸਲਾਨਾ ਦੇ ਪ੍ਰੋਗਰਾਮ ਦੇਖਣ ਦੇ ਬਾਅਦ 50 ਤੋਂ ਵੱਧ ਲੋਕਾਂ ਨੇ **ਬੈਅਤ** ਵੀ ਕੀਤੀ। ਜਲਸਾ ਸਲਾਨਾ ਦੇ 22 ਨੈਸ਼ਨਲ ਅਤੇ ਰੀਜਨਲ ਟੀ.ਵੀ ਚੈਨਲਾਂ 'ਤੇ 304 ਘੰਟੇ ਦੇ ਪ੍ਰੋਗਰਾਮ ਦਿਖਾਏ ਗਏ ਅਤੇ 65 ਮਿਲੀਅਨ ਲੋਕਾਂ ਤੱਕ ਪੈਗ਼ਾਮ ਪਹੁੰਚਿਆ। ਜਲਸੇ ਦੇ ਮੁਤਅੱਲਿਕ਼ ਰੇਡੀਓ ਸਟੇਸ਼ਨ 'ਤੇ 91 ਵੱਖ-ਵੱਖ ਰਿਪੋਰਟਾਂ ਨਸ਼ਰ ਹੋਈਆਂ, 16 ਮਿਲੀਅਨ ਤੱਕ ਇਸ ਜ਼ਰੀਏ ਨਾਲ ਪੈਗ਼ਾਮ ਪਹੁੰਚਿਆ ਅਤੇ ਕਹਿੰਦੇ ਹਨ ਕਿ ਮੀਡੀਆ ਆਉਟ ਲੈਟਸ ਦੂਸਰੇ ਵੱਖ-ਵੱਖ ਜ਼ਰੀਆ ਨਾਲ 47 ਖ਼ਬਰਾਂ ਨਸ਼ਰ ਹੋਈਆਂ ਅਤੇ ਇਸ ਤਰ੍ਹਾਂ **150 ਮਿਲੀਅਨ** ਲੋਕਾਂ ਤੱਕ ਪੈਗ਼ਾਮ ਪਹੁੰਚਿਆ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ **ਮੁਕੱਰਮ ਅਬਦੁਲ ਕਰੀਮ ਜਮਾਲ ਜੋਦਾ** ਸਾਹਿਬ ਗ਼ੱਜ਼ਾ, ਫ਼ਲਿਸਤੀਨ ਦੇ **ਸ਼ਹੀਦ** ਦਾ ਜ਼ਿਕਰਿ ਖ਼ੈਰ ਫ਼ਰਮਾਇਆ ਅਤੇ ਨਮਾਜ਼ਿ ਜਨਾਜ਼ਾ ਗ਼ਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ ਤੇ ਮਰਹੂਮ ਦੀ ਮਗ਼ਫ਼ਿਰਤ ਅਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞